## ਮਾਡਲ ਟੈਸਟ ਪੇਪਰ

## ਵਿਸ਼ਾ- ਸਮਾਜਿਕ ਵਿਗਿਆਨ

## ਸ਼੍ਰੇਣੀ- ਅੱਠਵੀਂ

## (2023-24)

ਸਮਾਂ-3 ਘੰਟੇ ਕੁੱਲ ਅੰਕ-80

ਨੋਟ: 1 ਸਾਰੇ ਪ੍ਰਸ਼ਨ ਲਾਜ਼ਮੀ ਹਨ।

2. ਪ੍ਰਸ਼ਨ ਪੱਤਰ ਦੇ 6 ਭਾਗ ਹਨ। ਭਾਗ- ੳ ਵਿੱਚ ਬਹੁ ਵਿਕਲਪੀ ਪ੍ਰਸ਼ਨ ਹਨ। ਭਾਗ- ਅ ਵਿੱਚ ਵਸਤੂ ਨਿਸਠ ਪ੍ਰਸ਼ਨ , ਭਾਗ-ੲ ਛੋਟੇ **ਉੱਤਰਾਂ** ਵਾਲੇ , ਭਾਗ- ਸ ਵੱਡੇ **ਉੱਤਰਾਂ** ਵਾਲੇ (100% ਅੰਦਰੂਨੀ ਛੋਟ), ਭਾਗ- ਹ ਸ੍ਰੋਤ ਅਧਾਰਤ ਪ੍ਰਸ਼ਨ ਅਤੇ ਭਾਗ- ਕ ਨਕਸ਼ੇ ਨਾਲ ਸਬੰਧਤ ਪ੍ਰਸ਼ਨ ਹਨ।

3. ਹਰ ਭਾਗ ਵਿੱਚ ਦਿੱਤੇ ਨੋਟ ਅਨੁਸਾਰ ਪ੍ਰਸ਼ਨਾ ਦੇ ਉੱਤਰ ਦਿੱਤੇ ਜਾਣ।

### ਭਾਗ -(ੳ)

1. **ਹਰੇਕ ਬਹੁਵਿਕਲਪੀ ਪ੍ਰਸ਼ਨ 1 ਅੰਕ ਦਾ ਹੈ ਅਤੇ ਸਾਰੇ ਪ੍ਰਸ਼ਨ ਲਾਜ਼ਮੀ ਹਨ:-** (16 x 1= 16)

(i) ਜਿਹੜੇ ਸਾਧਨ ਮੌਜੂਦ ਹਨ ਅਤੇ ਉਨ੍ਹਾਂ ਦੀ ਵਰਤੋ ਕੀਤੀ ਜਾ ਰਹੀ ਹੈ , ਉਨ੍ਹਾਂ ਨੂੰ ਕਿਹੜੇ ਸਾਧਨ ਕਿਹਾ ਜਾਂਦਾ ਹੈ ?

(ੳ) . ਜੀਵ ਸਾਧਨ (ਅ) ਨਿਰਜੀਵ ਸਾਧਨ (ੲ) ਵਿਕਸਿਤ ਸਾਧਨ (ਸ) ਸੰਭਾਵਿਤ ਸਾਧਨ

(ii) ਹੇਠ ਲਿਖਿਆਂ ਵਿੱਚੋ ਕਿਹੜਾ ਗੈਰ-ਕੁਦਰਤੀ ਸਾਧਨ ਹੈ ?

(ੳ) ਸੂਰਜ (ਅ) ਜੰਗਲ (ੲ) ਫੈਕਟਰੀਆਂ (ਸ) ਭੂਮੀ

(iii) ਲੋਹੇ ਤੋਂ ਸਟੀਲ ਬਨਾਉਣ ਲਈ ਕਿਹੜਾ ਖਣਿਜ ਵਰਤਿਆ ਜਾਂਦਾ ਹੈ ?

(ੳ) ਐਲੂਮੀਨੀਅਮ (ਅ) ਅਬਰਕ (ੲ) ਮੈਂਗਨੀਜ਼ (ਸ) ਚੂਨਾ ਪੱਥਰ

(iv) ਹੜਾਂ ਦੇ ਆਉਣ ਦੇ ਪ੍ਰਮੁੱਖ ਕਾਰਨ ਹਨ: -

(ੳ) ਜਿਆਦਾ ਵਰਖਾ (ਅ) ਬੱਦਲਾਂ ਦਾ ਫਟਣਾ (ੲ) ਬੰਨ੍ਹਾਂ ਦਾ ਟੁੱਟਣਾ (ਸ) ਉਪਰੋਕਤ ਸਾਰੇ

(v) ਇਹ 11 ਅੱਖਰਾਂ ਦਾ ਇੱਕ ਕੋਡ ਹੁੰਦਾ ਹੈ ਜੋ ਉਸ ਬੈਂਕ ਤੇ ਉਸਦੀ ਸ਼ਾਖਾ ਦੀ ਪਛਾਣ ਕਰਵਾਉਂਦਾ ਹੈ ਜਿਸ ਵਿੱਚ ਖਾਤਾ ਹੈ -

(ੳ) MICR ਕੋਡ (ਅ) IFSC ਕੋਡ (ੲ) ਚੈੱਕ ਨੰਬਰ (ਸ) ਖਾਤਾ ਨੰਬਰ

(vi) ਭਾਰਤ ਵਿੱਚ ਆਧੁਨਿਕ ਕਾਲ ਦਾ ਆਰੰਭ ਕਦੋਂ ਹੋਇਆ ?

Downloaded from cclchapter.com

(ੳ) 18ਵੀਂ ਸਦੀ (ਅ) 19ਵੀਂ ਸਦੀ (ੲ) 16ਵੀਂ ਸਦੀ (ਸ) 20ਵੀਂ ਸਦੀ

(vii) ਲ਼ਾਰਡ ਕਾਰਨਵਾਲਿ**ਸ** ਦੁਆਰਾ ਭੂਮੀ ਪ੍ਰਬੰਧ ਸਥਾਈ ਬੰਦੋਬਸਤ ਕਿੱਥੇ ਸ਼ੁਰੂ ਕੀਤਾ ਗਿਆ ਸੀ ?

(ੳ) ਬੰਗਾਲ (ਅ) ਬਿਹਾਰ (ੲ) ਉੜੀਸਾ (ਸ) ਬੰਗਾਲ ਅਤੇ ਬਿਹਾਰ

(viii) ਉੜੀਸਾ ਵਿੱਚ **ਕਿਹੜੇ** ਕਬੀਲੇ ਦੇ ਲੋਕਾਂ ਨੇ ਅੰਗਰੇਜ਼ਾਂ ਖਿਲਾਫ ਵਿਦਰੋਹ ਕੀਤਾ ?

(ੳ) ਭੀਲ (ਅ) ਮੁੰਡਾ (ੲ) ਗੋਂਡ (ਸ) ਖਾਸੀ

(ix) 1857ਈ. **ਦੇ** ਵਿਦਰੋਹ ਦਾ ਤਤਕਾਲੀ ਕਾਰਨ ਸੀ :-

(ੳ) ਚਰਬੀ ਵਾਲੇ ਕਾਰਤੂਸਾਂ ਦੀ ਵਰਤੋਂ (ਅ) ਨਾਨਾ ਸਾਹਿਬ ਦੀ ਪੈਨਸ਼ਨ ਬੰਦ ਕਰਨਾ
(ੲ) ਈਸਾਈ ਧਰਮ ਦਾ ਪ੍ਰਚਾਰ (ਸ) ਭਾਰਤੀ ਲੋਕਾਂ ਨਾਲ ਭੈੜਾ **ਵਤੀਰਾ**

(x) ਹੇਠ ਲਿਖਿਆਂ ਵਿੱਚੋਂ ਕਿਹੜੇ ਉਦਾਰਵਾਦੀ ਨੇਤਾ ਸਨ ?

(ੳ) ਦਾਦਾ ਭਾਈ ਨਾਰੌਜੀ (ਅ) ਸੁਰਿੰਦਰ ਨਾਥ ਬੈਨਰਜੀ (ੲ) ਉਪਰੋਕਤ ਦੋਵੇਂ ( ਸ) ਇਨ੍ਹਾਂ ਵਿੱਚੋਂ ਕੋਈ ਨਹੀਂ

(xi) ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕਿਸਨੇ ਕੀਤੀ ?

(ੳ) ਭਗਤ ਸਿੰਘ ਅਤੇ ਸਾਥੀਆਂ ਨੇ (ਅ) ਮਹਾਤਮਾ ਗਾਂਧੀ (ੲ) ਸ਼ੁਭਾਸ ਚੰਦਰ ਬੋਸ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

(xii) ਇਹ ਸੰਵਿਧਾਨ ਦੇ ਆਰੰਭ ਵਿੱਚ ਦਰਜ ਹੈ , ਇਸਨੂੰ ਸੰਵਿਧਾਨ ਦੀ ਕੂੰਜੀ ਵੀ ਕਿਹਾ ਜਾਂਦਾ ਹੈ -

(ੳ) ਮੁਢਲੇ ਅਧਿਕਾਰ (ਅ) ਪ੍ਰਸਤਾਵਨਾ (ੲ) ਉਪਰੋਕਤ ਦੋਵੇਂ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

(xiii) ਹੇਠ ਲਿਖਿਆਂ ਵਿੱਚੋਂ ਭਾਰਤ ਵਿੱਚ ਕੌਣ ਸਰਵ-ਉੱਚ ਹੈ ?

(ੳ) ਪ੍ਰਧਾਨ ਮੰਤਰੀ (ਅ) ਰਾਸ਼ਟਰਪਤੀ (ੲ) ਨਿਆਂਪਾਲਕਾ (ਸ) ਸੰਵਿਧਾਨ

(xiv) ਸਿੱਖਿਆ ਦਾ ਅਧਿਕਾਰ ਸੰਵਿਧਾਨ ਚ ਕਿਸ ਧਾਰਾ ਅਧੀਨ ਦਰਜ ਹੈ ?

(ੳ) ਧਾਰਾ 21 (ਅ) 21- ਏ (ੲ) ਧਾਰਾ 20 (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

(xv) ਪੰਜਾਬ ਵਿੱਚ ਰਾਜ ਸਭਾ ਲਈ ਕਿੰਨੇ ਮੈਂਬਰ ਚੁਣੇ ਜਾਂਦੇ ਹਨ ?

(ੳ) 11 (ਅ) 13 (ੲ) 7 (ਸ) 2

(xvi) ਜਨਹਿੱਤ ਮੁਕੱਦਮਾ ਕਦੋਂ ਦਰਜ ਹੋ ਸਕਦਾ ਹੈ ?

Downloaded from cclchapter.com

(ੳ) ਨਿੱਜੀ ਹਿੱਤਾਂ ਦੀ ਰਾਖੀ ਲਈ (ਅ) ਸਰਕਾਰੀ ਹਿੱਤਾਂ ਦੀ ਰਾਖੀ ਲਈ (ੲ) ਜਨਤਕ ਹਿੱਤਾਂ ਦੀ ਰਾਖੀ ਲਈ
(ਸ) ਉਪਰੋਕਤ ਸਾਰੇ

**ਭਾਗ – (ਅ)**

2. **ਹਰੇਕ ਵਸਤੂ ਨਿਸ਼ਠ ਪ੍ਰਸ਼ਨ ਦਾ ਇੱਕ ਅੰਕ ਹੈ ਤੇ ਸਾਰੇ ਪ੍ਰਸ਼ਨ ਲਾਜ਼ਮੀ** ਹਨ । (12 x 1= 12)

**ਖਾਲੀ ਥਾਵਾਂ ਭਰੋ –**

**I.** ________ ਨੂੰ ਖੇਤੀਬਾੜੀ ਅਤੇ ਪੇਂਡੂ **ਕਰਜ਼ੇ** ਪ੍ਰਦਾਨ ਕਰਨ ਦੀ ਅਹਿਮ ਭੂਮਿਕਾ ਸੌਂਪੀ ਗਈ ਹੈ ।

**II.** ਭਾਰਤ ਵਿੱਚ 16ਵੀਂ ਸਦੀ ਵਿੱਚ ________ ਕਾਲ ਸੀ ।

**III.** 1722 ਈ. ਵਿੱਚ ਬੰਗਾਲ ਵਿੱਚ _______**ਪ੍ਰਨਾਲ਼ੀ** ਖਤਮ ਕਰ ਦਿੱਤੀ ਗਈ ।

**IV.** ਭਾਰਤ ਦੇ ਪਹਿਲੇ ਰਾਸ਼ਟਰਪਤੀ _________ ਸਨ ।

**ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ –**

**V.** ਅੰਗਰੇਜਾਂ ਨਾਲ ਪਲਾਸੀ ਦੀ ਲੜਾਈ ਸਮੇਂ ਬੰਗਾਲ ਦਾ ਨਵਾਬ ਮੀਰ ਜਾਫਰ ਸੀ । ( )

**VI.** ਵੋਟ ਦਾ ਅਧਿਕਾਰ ਰਾਜਨੀਤਕ ਨਿਆਂ ਪ੍ਰਦਾਨ ਕਰਦਾ ਹੈ । ( )

**VII.** ਸੰਵਿਧਾਨ ਸਾਹਮਣੇ ਅਸੀਂ ਸਾਰੇ ਬਰਾਬਰ ਹਾਂ । ( )

**VIII.** ਕੋਲਾ ਅਤੇ ਪੈਟਰੋਲੀਅਮ ਨਵਿਆਉਣਯੋਗ ਸਾਧਨ ਹਨ । ( )

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ–**

**IX.** ਕੁਦਰਤੀ ਸਾਧਨ ਸਾਨੂੰ ਕੌਣ ਪ੍ਰਦਾਨ ਕਰਦਾ ਹੈ ?

**X.** ਪਾਣੀ ਦੇ ਮੁੱਖ ਸੋਮਿਆਂ ਦੇ ਨਾਮ ਦੱਸੋ ।

**XI.** ਐਫ.ਆਈ.ਆਰ ਕੀ ਹੈ ?

**XII.** ਭਾਰਤ ਵਿੱਚ ਨਵੀਂ ਸਿੱਖਿਆ **ਪ੍ਰਨਾਲ਼ੀ** ਕਿਸਨੇ **ਸ਼ੁਰੂ** ਕੀਤੀ ?

**ਭਾਗ – ੲ**

3. **ਸਾਰੇ ਪ੍ਰਸ਼ਨ ਲਾਜਮੀ ਹਨ ਤੇ ਹਰੇਕ ਪ੍ਰਸ਼ਨ ਦੇ 2 ਅੰਕ ਹਨ । ਪ੍ਰਸ਼ਨ ਦਾ ਉੱਤਰ 30-50 ਸ਼ਬਦਾਂ ਵਿੱਚ ਦਿਓ –**

(6 x 2= 12 **ਅੰਕ** )

**I.** ਸਾਧਨਾਂ ਦੀ ਸਹੀ ਸਾਂਭ -ਸੰਭਾਲ ਕਿਵੇਂ ਹੋ ਸਕਦੀ ਹੈ ?

**II.** ਭੁਚਾਲ ਤੋਂ ਤੁਹਾਡਾ ਕੀ ਭਾਵ ਹੈ ? ਇਸਨੂੰ ਕਿਵੇਂ ਮਾਪਿਆ ਜਾਂਦਾ ਹੈ ?

**III.** ਭਾਰਤ ਦੇ ਲਘੂ ਉਦਯੋਗਾਂ ਦੇ ਪਤਨ ਦੇ ਦੋ ਕਾਰਣ ਲਿਖੋ ।

Downloaded from cclchapter.com

**IV.** ਸਮਾਜ ਸੁਧਾਰਕਾਂ ਨੇ ਜਾਤੀ ਪ੍ਰਥਾ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ?

**V.** ਸੰਸਦ ਦੇ **ਸ਼ਬਦੀ** ਅਰਥ ਲਿਖੋ ।

**VI.** ਨਿਆਂਪਾਲਿਕਾ ਕਿਸਨੂੰ ਕਹਿੰਦੇ ਹਨ ?

**ਭਾਗ – ਸ**

4. **ਹਰੇਕ ਪ੍ਰਸ਼ਨ ਦਾ ਉੱਤਰ** 80-100 **ਸ਼ਬਦਾਂ ਵਿੱਚ ਦਿਓ ਹਰ ਪ੍ਰਸ਼ਨ ਦੇ** 5 **ਅੰਕ ਹਨ ।-** (4 **x** 5= 20 **ਅੰਕ** )

**I.** ਪੱਤਝੜ ਜੰਗਲਾਂ ਤੇ ਨੋਟ ਲਿਖੋ । **ਜਾਂ**
ਬਾਕਸਾਈਟ ਦੀ ਮਹੱਤਤਾ ਤੇ ਨੋਟ ਲਿਖੋ ।

**II.** ਲੈਪਸ ਦੀ ਨੀਤੀ ਕੀ ਸੀ ? **ਜਾਂ**
ਪੱਛਮੀ ਸਿੱਖਿਆ **ਪ੍ਰਨਾਲ਼ੀ** ਦੇ ਪ੍ਰਭਾਵ ਲਿਖੋ ।

**III.** ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਤੋਂ ਤੁਸੀ ਕੀ ਸਮਝਦੇ ਹੋ ? **ਜਾਂ**
ਭਾਰਤ ਛੱਡੋ ਅੰਦੋਲਨ ਕੀ ਹੈ ?

**IV.** ਭਾਰਤੀ ਸੰਸਦ ਦੀ ਬਣਤਰ ਲਿਖੋ ।**ਜਾਂ**
ਰਾਖਵਾਂਕਰਨ ਕੀ ਹੈ ? ਰਾਖਵੇਂਕਰਨ ਦੀ ਲੋੜ ਕਿਉਂ ਹੈ ?

**ਭਾਗ – ਹ**

**5. ਪੈਰ੍ਹਾ ਪੜਨ ਉਪਰੰਤ ਪ੍ਰਸ਼ਨਾਂ ਦੇ ਉੱਤਰ ਦਿਓ –** ( 5 **x** 2= 10 **ਅੰਕ** )

ਜੰਗਲ ਸਾਡੇ ਲਈ ਬਹੁਤ ਹੀ ਕੀਮਤੀ ਹਨ । ਇਹ ਜਾਨਵਰਾਂ ਨੂੰ ਆਵਾਸ ਪ੍ਰਦਾਨ ਕਰਦੇ ਹਨ ਅਤੇ ਮਿਲ ਕੇ ਵਾਤਾਵਰਨ ਦਾ ਰੱਖ- ਰਖਾਅ ਵੀ ਕਰਦੇ ਹਨ ।ਜਲਵਾਯੂ ਵਿੱਚ ਤਬਦੀਲੀਆਂ ਅਤੇ ਮਨੁੱਖੀ ਦਖਲਅੰਦਾਜ਼ੀ ਪੌਦਿਆਂ ਅਤੇ ਜਾਨਵਰਾਂ ਲਈ ਕੁਦਰਤੀ ਨਿਵਾਸ ਸਥਾਨਾਂ ਦੇ ਨੁਕਸਾਨ ਦਾ ਕਾਰਨ ਬਣਦੀ ਹੈ ।ਬਹੁਤ ਸਾਰੀਆਂ ਪ੍ਰਜਾਤੀਆਂ ਲੁਪਤ ਹੋਣ ਕਿਨਾਰੇ ਜਾਂ ਖਤਰੇ ਵਿੱਚ ਹਨ । ਜੰਗਲਾਂ ਦੀ ਕਟਾਈ , ਭੌਂ ਖੁਰਣ , ਜੰਗਲਾਂ ਦੀ ਅੱਗ , ਸੁਨਾਮੀ , ਜਮੀਨ ਦ ਖਿਸਕਣਾ ਆਦਿ ਕੁਝ ਮਨੁੱਖੀ ਅਤੇ ਕੁਦਰਤੀ ਕਾਰਕ ਹਨ ਜੋ ਇਸ ਪ੍ਰਕਿਰਿਆ ਨੂੰ **ਤੇਜ਼** ਕਰਦੇ ਹਨ । ਜਾਨਵਰਾਂ ਦੇ ਵਿਨਾਸ਼ ਦਾ ਇੱਕ ਹੋਰ ਵੱਡਾ ਕਾਰਨ ਇਨ੍ਹਾਂ ਦਾ ਸ਼ਿਕਾਰ ਕਰਨਾ ਹੈ ਜਿਸਦੇ ਨਤੀਜੇ ਵਜੋਂ ਖਾਸ ਕਿਸਮਾਂ ਦੇ ਜਾਨਵਰਾਂ ਦੀ ਗਿਣਤੀ ਵਿੱਚ **ਤੇਜ਼ੀ** ਨਾਲ ਗਿਰਾਵਟ ਆਉਂਦੀ ਹੈ । ਇਹਨਾਂ ਜਾਨਵਰਾਂ ਦਾ ਸ਼ਿਕਾਰ ਖੰਭਾਂ , ਚਮੜੀ , ਨਹੁੰ ਅਤੇ ਸਿੰਗਾਂ ਆਦਿ ਨੂੰ ਸ਼ੌਂਕ ਵਜੋਂ ਇਕੱਤਰ ਕਰਨ ਅਤੇ ਗੈਰ-ਕਾਨੂੰਨੀ ਵਪਾਰ ਲਈ ਕੀਤਾ ਜਾਂਦਾ ਹੈ । ਇਹਨਾਂ ਜਾਨਵਰਾਂ ਵਿੱਚ ਮੁੱਖ ਤੌਰ ਤੇ ਸ਼ੇਰ , ਹਾਥੀ, ਰਿੱਛ, ਕਾਲਾ ਹਿਰਨ , ਮਗਰਮੱਛ, ਬਰਫੀਲਾ **ਚੀਤਾ** , ਸ਼ੁਤਰਮੁਰਗ ਅਤੇ ਮੋਰ ਹਨ ।ਇਹਨਾਂ ਜਾਨਵਰਾਂ ਦੀ ਸਾਂਭ-ਸੰਭਾਲ ਪ੍ਰਤੀ ਜਾਗਰੂਕਤਾ ਵਧਾ ਕੇ ਇਹਨਾਂ ਨੂੰ ਬਚਾਇਆ ਜਾ ਸਕਦਾ ਹੈ ।

**I.** **ਜੰਗਲ ਸਾਡੇ ਲਈ ਕੀਮਤੀ ਕਿਵੇਂ ਹਨ** ?

**II.** ਜੰਗਲਾਂ ਦੇ ਵਿਨਾਸ਼ ਲਈ ਕਿਹੜੀਆਂ ਗਤੀਵਿਧੀਆਂ ਜਿੰਮੇਵਾਰ ਹਨ ?

**III.** ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨ ਦੇ ਮੁੱਖ ਕਾਰਨ ਕੀ ਹਨ ?

Downloaded from cclchapter.com

**IV.** ਜੰਗਲਾਂ ਵਿੱਚ ਦੇ ਕੁਦਰਤੀ ਨਿਵਾਸਾਂ ਦੇ ਨੁਕਸਾਨ ਦੇ ਕੀ ਕਾਰਨ ਹਨ ?

**V.** ਜੰਗਲਾਂ ਅਤੇ ਜੰਗਲੀ ਜਾਨਵਰਾਂ ਦੇ ਬਚਾਅ ਲਈ ਕੀ ਕੀਤਾ ਜਾ ਸਕਦਾ ਹੈ ?

**ਭਾਗ – ਕ**

6. **ਭਾਰਤ ਦੇ ਨਕਸ਼ੇ ਵਿੱਚ ਕੋਈ ਦਸ ਸਥਾਨ ਦਰਸਾਓ –** (10 x 1 =10)

**I.** ਜਲੌਢੀ ਮਿੱਟੀ ਦਾ ਇੱਕ ਖੇਤਰ
**II.** ਕਾਲੀ ਮਿੱਟੀ ਵਾਲਾ ਇੱਕ ਰਾਜ
**III.** ਬ੍ਰਹਮਪੁੱਤਰ ਦਰਿਆ
**IV.** ਕੱਚੇ ਲੋਹੇ ਦਾ ਇੱਕ ਖੇਤਰ
**V.** ਭਾਰਤ ਦੇ ਉੱਤਰੀ ਮੈਦਾਨ
**VI.** ਸੋਨਾ ਉਤਪਾਦਕ ਖੇਤਰ
**VII.** ਮੈਂਗਨੀਜ਼ ਦਾ ਇੱਕ ਖੇਤਰ
**VIII.** ਚਾਹ ਪੈਦਾ ਕਰਨ ਵਾਲਾ ਇੱਕ ਰਾਜ
**IX.** ਕਣਕ ਪੈਦਾ ਕਰਨ ਵਾਲਾ ਇੱਕ ਰਾਜ
**X.** ਕਪਾਹ ਪੈਦਾ ਕਰਨ ਵਾਲਾ ਇੱਕ ਰਾਜ
**XI.** 1857 ਈ. ਦੇ ਵਿਦਰੋਹ ਨਾਲ ਸੰਬੰਧਤ ਇੱਕ ਸਥਾਨ
**XII.** ਮੁੰਬਈ
**XIII.** ਚੇੱਨਈ
**XIV.** ਕਲਕੱਤਾ
**XV.** ਦਿੱਲੀ

Downloaded from cclchapter.com